# Official Spokesperson's response to media queries on the announcement by the US of withdrawal of its troops from Afghanistan before September 11, 2021

April 16, 2021

---

# 11 ਸਤੰਬਰ, 2021 ਤੋਂ ਪਹਿਲਾਂ ਅਫਗਾਨਿਸਤਾਨ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਉਣ ਬਾਰੇ ਸੰਯੁਕਤ ਰਾਜ ਅਮਰੀਕਾ ਵੱਲੋਂ ਕੀਤੇ ਐਲਾਨ 'ਤੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ:

16 ਅਪ੍ਰੈਲ, 2021

**11 ਸਤੰਬਰ, 2021 ਤੋਂ ਪਹਿਲਾਂ ਅਫਗਾਨਿਸਤਾਨ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਉਣ ਬਾਰੇ ਸੰਯੁਕਤ ਰਾਜ ਅਮਰੀਕਾ ਵੱਲੋਂ ਕੀਤੇ ਐਲਾਨ 'ਤੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਕਿਹਾ:**

"ਅਸੀਂ ਅਫਗਾਨਿਸਤਾਨ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਉਣ ਅਤੇ ਉਥੇ ਆਪਣੀਆਂ ਫੌਜੀ ਕਾਰਵਾਈਆਂ ਨੂੰ ਖਤਮ ਕਰਨ ਬਾਰੇ ਸੰਯੁਕਤ ਰਾਜ ਦੇ ਫੈਸਲੇ ਤੋਂ ਜਾਣੂ ਹਾਂ। ਅਸੀਂ ਮੌਜੂਦਾ ਅੰਤਰ-ਅਫਗਾਨ ਸ਼ਾਂਤੀ ਪ੍ਰਕਿਰਿਆ 'ਤੇ ਨੇੜਲੀ ਨਜ਼ਰ ਬਣਾਕੇ ਰੱਖੀ ਹੋਈ ਹੈ। ਅਫ਼ਗ਼ਾਨੀ ਲੋਕਾਂ ਨੇ 4 ਦਹਾਕਿਆਂ ਤੋਂ ਵੱਧ ਸਮੇਂ ਤੱਕ ਜੰਗ ਅਤੇ ਅਸ਼ਾਂਤੀ ਵੇਖੀ ਹੈ ਅਤੇ ਉਹ ਸਦੀਵੀ ਸ਼ਾਂਤੀ ਅਤੇ ਵਿਕਾਸ ਦੇ ਹੱਕਦਾਰ ਹਨ।

ਭਾਰਤ ਦਾ ਇਹ ਵਿਚਾਰ ਹੈ ਕਿ ਅਫਗਾਨ ਸ਼ਾਂਤੀ ਪ੍ਰਕਿਰਿਆ ਅਫਗਾਨੀ ਅਗੁਵਾਈ, ਮਲਕੀਅਤ ਅਤੇ ਕੰਟਰੋਲ ਤਹਿਤ ਹੋਣੀ ਚਾਹੀਦੀ ਹੈ। ਕੋਈ ਵੀ ਸਿਆਸੀ ਸਮਝੌਤਾ ਲਾਜ਼ਮੀ ਤੌਰ 'ਤੇ ਸਮਾਵੇਸ਼ੀ ਹੋਣਾ ਚਾਹੀਦਾ ਹੈ ਅਤੇ ਇਸਨੂੰ ਪਿਛਲੇ 19 ਸਾਲਾਂ ਦੇ ਸਮਾਜਿਕ-ਆਰਥਿਕ ਅਤੇ ਸਿਆਸੀ ਲਾਭਾਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਭਾਰਤ ਸਾਂਝੇ, ਲੋਕਤੰਤਰੀ ਅਤੇ ਪ੍ਰਭੂਸੱਤਾ-ਪੂਰਨ ਅਫਗਾਨਿਸਤਾਨ ਦੀ ਹਿਮਾਇਤ ਕਰਦਾ ਹੈ। ਸਾਨੂੰ ਅਫਗਾਨਿਸਤਾਨ ਵਿੱਚ ਹਿੰਸਾ ਅਤੇ ਚੋਣਵੇਂ ਕਤਲਾਂ ਵਿੱਚ ਹੋਏ ਵਾਧੇ ਬਾਰੇ ਡੂੰਘੀ ਚਿੰਤਾ ਹੈ। ਭਾਰਤ ਨੇ ਫੌਰੀ ਅਤੇ ਵਿਆਪਕ ਜੰਗਬੰਦੀ ਦੀ ਮੰਗ ਕੀਤੀ ਹੈ।

ਭਾਰਤ ਨੇ ਦੋਹਾ ਕਾਨਫਰੰਸ, ਜਿਨੇਵਾ ਕਾਨਫਰੰਸ ਅਤੇ ਹਾਲ ਵਿੱਚ ਹੀ ਦੁਸ਼ਾਂਬੇ ਵਿੱਚ ਹਾਰਟ ਆਫ ਏਸ਼ੀਆ ਕਾਨਫਰੰਸ ਵਿੱਚ ਹਿੱਸਾ ਲਿਆ ਹੈ। ਭਵਿੱਖ ਵਿੱਚ ਚੁੱਕੇ ਜਾਣ ਵਾਲੇ ਕਦਮਾਂ ਸਬੰਧੀ ਭਾਰਤ ਅਫਗਾਨੀ ਹਿਤਧਾਰਕਾਂ ਅਤੇ ਆਪਣੇ ਖੇਤਰੀ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਗੱਲਬਾਤ ਜਾਰੀ ਰੱਖ ਰਿਹਾ ਹੈ।"

**ਨਵੀ ਦਿੱਲੀ**
**16 ਅਪ੍ਰੈਲ, 2021**

DISCLAIMER: This is an approximate translation. The original is available in English on MEA's website and may be referred to as the official press release.